# IndianOil

CIN - L 23201 MH 1959 GOI 011388

## ਕਾਰਪੋਰੇਸ਼ਨ ਦੀ ਮਾਲਕੀ ਵਾਲੇ ਅਤੇ ਕਾਰਪੋਰੇਸ਼ਨ ਦੁਆਰਾ ਚਲਾਏ ਜਾਂਦੇ ਰਿਟੇਲ ਆਉਟਲੈਟ (COCO) ਲਈ ਸੇਵਾ ਪ੍ਰਦਾਤਾ ਦੀ ਨਿਯੁਕਤੀ ਲਈ ਨੋਟਿਸ

ਇੰਡੀਅਨ ਆਇਲ ਕਾਰਪੋਰੇਸ਼ਨ ਲਿਮਿਟੇਡ ਵੱਲੋਂ ਹੇਠ ਲਿਖੇ ਸਥਾਨ ਵਿਖੇ ਆਪਣੀ ਕਾਰਪੋਰੇਸ਼ਨ ਦੀ ਮਾਲਕੀ ਵਾਲੇ ਅਤੇ ਕਾਰਪੋਰੇਸ਼ਨ ਦੁਆਰਾ ਚਲਾਏ ਜਾਂਦੇ ਰਿਟੇਲ ਆਉਟਲੈਟ 'ਤੇ ਕਾਮੇ ਅਤੇ ਵੱਖ-ਵੱਖ ਸੇਵਾਵਾਂ ਮੁਹੱਈਆ ਕਰਨ ਲਈ ਸੇਵਾ ਪ੍ਰਦਾਤਾ ਦੀ ਨਿਯੁਕਤੀ ਕਰਨ ਦੀ ਤਜਵੀਜ਼ ਕੀਤੀ ਜਾਂਦੀ ਹੈ।

| ਕ੍ਰ. ਸੰ. | ਸਥਾਨ/ ਸੰਖੇਪ ਪਤਾ | ਮਾਲੀਆ ਜ਼ਿਲ੍ਹਾ | ਰਾਜ | ਅਨੁਮਾਨਤ ਵਿਕ੍ਰੀ (MS+ HSD) KL/PM | ਠੇਕੇ ਦੀ ਮਿਆਦ: ਤਿੰਨ ਸਾਲ/ ਇੱਕ ਸਾਲ | ਮੁਲਾਂਕਣ ਲਈ ਬਿਨੈਕਾਰ ਦੀ ਵਿੱਤੀ ਸਮਰੱਥਾ (ਨਕਦ ਸੰਪਤੀ) (ਰੁ. ਲੱਖਾਂ ਵਿੱਚ) | ਕੋਲੈਟਰਲ ਸਿਕਯੋਰਿਟੀ ਲਈ ਬੈਂਕ ਗਾਰੰਟੀ ਦੀ ਰਕਮ (ਰੁ. ਲੱਖਾਂ ਵਿੱਚ) |
|---|---|---|---|---|---|---|---|
| A | B | C | D | E | F | G | H |
| 1 | ਪਿੰਡ ਬਸਤੀ ਸ਼ੇਖ, 120 ਫੀਟ ਰੋਡ 'ਤੇ | ਜਲੰਧਰ | ਪੰਜਾਬ | 205 | ਤਿੰਨ ਸਾਲ | ਘੱਟੋ ਘੱਟ 15 ਲੱਖ | 19 ਲੱਖ |

ਕੋਈ ਵੀ ਭਾਰਤੀ ਨਾਗਰਿਕ (ਸਿਰਫ਼ ਵਿਅਕਤੀ) ਅਰਜ਼ੀ ਦੇਣ ਲਈ ਯੋਗ ਹੈ। ਕਿਸੇ ਵੀ ਆਇਲ ਕੰਪਨੀ ਦੇ ਡੀਲਰ/ਵਿਤਰਕ/ਐਲਓਆਈ ਧਾਰਕ (ਉਹਨਾਂ ਦੀ "ਪਰਿਵਾਰਕ ਇਕਾਈ" ਦੇ ਮੈਂਬਰਾਂ ਸਮੇਤ) ਅਤੇ ਕਿਸੇ ਵੀ ਆਇਲ ਕੰਪਨੀ ਦੇ COCO ਸੇਵਾ ਪ੍ਰਦਾਤਾ ਅਰਜ਼ੀ ਦੇਣ ਦੇ ਯੋਗ ਨਹੀਂ ਹੋਣਗੇ। **ਹਾਲਾਂਕਿ, ਮੌਜੂਦਾ ਸੇਵਾ ਪ੍ਰਦਾਤਾ/ਰੁਜ਼ਗਾਰ ਠੇਕੇਦਾਰ/ਮਜ਼ਦੂਰ ਠੇਕੇਦਾਰ ਉਹਨਾਂ ਨਾਲ ਸਮਝੌਤੇ ਤਹਿਤ- COCO ਦੇ ਠੇਕੇ ਲਈ ਅਰਜ਼ੀ ਦੇਣ ਦੇ ਯੋਗ ਹੋਣਗੇ।**

ਸੇਵਾ ਪ੍ਰਦਾਤਾ "ਦ ਕੋਨਟ੍ਰੈਕਟ ਲੇਬਰ (ਰੈਗੂਲੇਸ਼ਨ ਐਂਡ ਐਬੋਲਿਸ਼ਨ) ਐਕਟ 1970" ਦੁਆਰਾ ਸ਼ਾਸਿਤ ਹੋਏਗਾ ਅਤੇ ਕਿਸੇ ਵੀ ਨਿਯਮਾਂ/ਨੇਮਾਂ/ਵਿਧਾਨਕ ਪ੍ਰਬੰਧਾਂ ਦੇ ਅਧੀਨ ਉਸ ਲਈ ਲੋੜੀਂਦੀ ਭੂਮਿਕਾ ਨੂੰ ਪੂਰਾ ਕਰਨ ਲਈ ਪਾਬੰਦ ਹੋਏਗਾ।

ਇੱਛੁਕ ਵਿਅਕਤੀਆਂ ਨੂੰ ਉਹ ਵੇਰਵੇ ਸਹਿਤ ਦਿਸ਼ਾ-ਨਿਰਦੇਸ਼/ਬ੍ਰੋਸ਼ਰ ਅਤੇ ਅਰਜ਼ੀ ਫਾਰਮ ਦੀ ਕਾਪੀ ਹੇਠਾਂ ਦਿੱਤੇ ਪਤੇ ਤੋਂ ਪ੍ਰਾਪਤ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ, ਇਸਦੇ ਲਈ ਉਹਨਾਂ ਨੂੰ "ਇੰਡੀਅਨ ਆਇਲ ਕਾਰਪੋਰੇਸ਼ਨ ਲਿਮਿਟੇਡ" ਦੇ ਹੱਕ ਵਿੱਚ ਡਿਮਾਂਡ ਡ੍ਰਾਫਟ/ਪੇ ਆਰਡਰ ਰਾਹੀਂ ਰੁ. 100/- (ਸਿਰਫ਼ ਇੱਕ ਸੌ ਰੁਪਏ) ਦਾ ਭੁਗਤਾਨ ਕਰਨਾ ਹੋਏਗਾ, ਜੋ ਹੇਠਾਂ ਦਿੱਤੇ ਗਏ ਪਤੇ 'ਤੇ ਦਿੱਤੇ ਗਏ ਸਥਾਨ 'ਤੇ ਅਦਾਇਗੀਯੋਗ ਹੋਏਗਾ।

ਸੱਦੀਆਂ ਜਾ ਰਹੀਆਂ ਤਜਵੀਜ਼ਾਂ ਕਾਰਪੋਰੇਸ਼ਨ ਨੂੰ ਲੋੜੀਂਦੇ ਕਾਮੇ ਅਤੇ ਵੱਖ-ਵੱਖ ਸੇਵਾਵਾਂ ਮੁਹੱਈਆ ਕਰਨ ਲਈ ਹਨ ਅਤੇ ਸੇਵਾ ਪ੍ਰਦਾਤਾ ਕੋਲ ਉਕਤ ਸਥਾਨ ਲਈ ਡੀਲਰਸ਼ਿਪ ਪ੍ਰਾਪਤ ਕਰਨ ਦਾ ਕੋਈ ਦਾਅਵਾ ਨਹੀਂ ਹੋਏਗਾ, ਕਿਉਂਕਿ ਉਸਨੂੰ ਠੇਕਾ ਦਿੱਤਾ ਗਿਆ ਹੈ ਅਤੇ ਚੁਣੇ ਗਏ ਸੇਵਾ ਪ੍ਰਦਾਤਾ ਨੂੰ ਐਗ੍ਰੀਮੈਂਟ ਤੋਂ ਇਲਾਵਾ ਇਸ ਸੰਬੰਧ ਵਿੱਚ ਹਲਫ਼ਨਾਮਾ ਵੀ ਦੇਣਾ ਹੋਏਗਾ।

ਵੇਰਵੇ ਸਹਿਤ ਦਿਸ਼ਾ-ਨਿਰਦੇਸ਼ (ਬ੍ਰੋਸ਼ਰ) ਅਤੇ ਅਰਜ਼ੀ ਫਾਰਮ ਸਾਡੀ ਵੈਬਸਾਈਟ **www.iocl.com** ਤੋਂ ਵੀ ਡਾਊਨਲੋਡ ਕੀਤੇ ਜਾ ਸਕਦੇ ਹਨ।

ਬਿਨੈਕਾਰਾਂ ਨੂੰ ਬ੍ਰੋਸ਼ਰ ਵਿੱਚ ਸ਼ਾਮਿਲ ਨਿਯਮ ਅਤੇ ਸ਼ਰਤਾਂ ਦੀ ਪਾਲਣਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਚੁਣੇ ਗਏ ਬਿਨੈਕਾਰਾਂ ਨੂੰ ਉੱਪਰ ਦੱਸੇ ਗਏ ਸਥਾਨ ਅਨੁਸਾਰ ਬੈਂਕ ਗਾਰੰਟੀ ਦੇ ਰੂਪ ਵਿੱਚ ਕੋਲੈਟਰਲ ਸਿਕਯੋਰਿਟੀ ਪ੍ਰਦਾਨ ਕਰਨੀ ਹੋਏਗੀ।

ਅਰਜ਼ੀ ਦੇਣ ਦੇ ਚਾਹਵਾਨ ਬਿਨੈਕਾਰਾਂ ਨੂੰ ਹੇਠਾਂ ਦਿੱਤੇ ਗਏ ਪਤੇ ਵਿੱਚ ਦਰਸਾਏ ਗਏ ਸਥਾਨ 'ਤੇ ਗੈਰ-ਵਾਪਸੀਯੋਗ ਅਰਜ਼ੀ ਫ਼ੀਸ ਦੇ ਤੌਰ 'ਤੇ **"ਇੰਡੀਅਨ ਆਇਲ ਕਾਰਪੋਰੇਸ਼ਨ ਲਿਮਿਟੇਡ"** ਦੇ ਹੱਕ ਵਿੱਚ ਭੁਗਤਾਨ ਯੋਗ **ਰੁ. 10,000/-** (ਸਿਰਫ਼ ਦਸ ਹਜ਼ਾਰ ਰੁਪਏ) ਦਾ ਡਿਮਾਂਡ ਡ੍ਰਾਫਟ, ਭਰੇ ਹੋਏ ਅਰਜ਼ੀ ਫਾਰਮ ਨਾਲ ਜਮ੍ਹਾ ਕਰਾਉਣਾ ਹੋਏਗਾ।

ਪੂਰੀ ਤਰ੍ਹਾਂ ਭਰੇ ਹੋਏ ਅਰਜ਼ੀ ਫਾਰਮ ਹੇਠਾਂ ਦਰਸਾਏ ਗਏ ਅਨੁਸਾਰ **22/11/2024, 1700 ਵਜੇ** ਤਕ ਦਫ਼ਤਰ ਵਿੱਚ ਪਹੁੰਚ ਜਾਣੇ ਚਾਹੀਦੇ ਹਨ। ਕਿਸੇ ਵੀ ਕਾਰਨ ਕਰਕੇ, ਨਿਯਤ ਤਾਰੀਖ ਅਤੇ ਸਮੇਂ ਤੋਂ ਬਾਅਦ ਪ੍ਰਾਪਤ ਹੋਈਆਂ ਅਰਜ਼ੀਆਂ 'ਤੇ ਵਿਚਾਰ ਨਹੀਂ ਕੀਤਾ ਜਾਏਗਾ।

1) **ਡਿਵੀਜ਼ਨਲ ਦਫ਼ਤਰ ਦਾ ਪਤਾ**
**ਇੰਡੀਅਨ ਆਇਲ ਕਾਰਪੋਰੇਸ਼ਨ ਲਿਮਿਟੇਡ**
**ਜਲੰਧਰ ਡਿਵੀਜ਼ਨਲ ਦਫ਼ਤਰ**
**ਇੰਡੀਅਨ ਆਇਲ ਟਰਮੀਨਲ**
**ਸੁੱਚੀ ਪਿੰਡ**
**ਜਲੰਧਰ 144009**